# ਬਦਲਦੇ ਰਿਸ਼ਤੇ

ਹਿੰਦੁਸਤਾਨ ਅਤੇ ਪੰਜਾਬ ਵਿਚ ਅੱਜ ਕਲ ਇਕ ਗੱਲ ਆਮ ਸੁਣਨ ਵਿਚ ਆਉਂਦੀ ਹੈ ਕਿ ਲੋਕਾਂ ਦੇ ਆਪਸੀ ਰਿਸ਼ਤੇ ਪਹਿਲਾਂ ਨਾਲੋਂ ਬਹੁਤ ਬਦਲ ਰਹੇ ਹਨ ਅਤੇ ਸ਼ਹਿਰਾਂ ਵਿਚ ਤਾਂ ਬਹੁਤ ਹੱਦ ਤਕ ਬਦਲ ਹੀ ਗਏ ਹਨ। ਕਿਹਾ ਜਾਂਦਾ ਹੈ ਕਿ ਭੈਣ ਭਰਾਵਾਂ ਦਾ ਪਿਆਰ ਖ਼ਤਮ ਹੁੰਦਾ ਜਾ ਰਿਹਾ ਹੈ, ਘਰਾਂ ਅਤੇ ਪਰਿਵਾਰਾਂ ਵਿਚ ਇੱਤਫਾਕ ਮੁਕਦਾ ਜਾ ਰਿਹਾ ਹੈ, ਅਤੇ ਹਰੇਕ ਨੂੰ ਆਪੋ ਆਪਣੀ ਹੀ ਪਈ ਹੋਈ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਰਹੇ ਹਨ ਕਿ ਪੁਰਾਣਾ ਸਾਂਝਾ ਪਰਿਵਾਰ ਹੁੱਣ ਮੁਕਦਾ ਜਾ ਰਿਹਾ ਹੈ ਅਤੇ ਸ਼ਹਿਰਾਂ ਵਿਚ ਤਾਂ ਬਹੁਤਾ ਕਰਕੇ ਮੁੱਕ ਹੀ ਗਿਆ ਹੈ। ਕਈ ਬਾਰ ਅਖ਼ਬਾਰਾਂ ਅਤੇ ਹੋਰ ਮੀਡੀਆ ਵਿਚ ਖ਼ਬਰਾਂ ਹੁੰਦੀਆਂ ਹਨ ਕਿ ਬਜ਼ੁਰਗਾਂ ਨੂੰ ਉਨ੍ਹਾਂ ਦੇ ਨਿਆਣੇ ਹੁਣ ਨਾਲ ਰੱਖਣਾ ਨਹੀਂ ਚਾਹੁੰਦੇ। ਕਈ ਥਾਵਾਂ ਤੇ ਅਮਰੀਕਾ ਵਾਂਗ ਬਜ਼ੁਰਗਾਂ ਦੇ ਘਰ ਬਣ ਰਹੇ ਹਨ ਜਿਨ੍ਹਾਂ ਨੂੰ ਕਾਰੋਬਾਰੀ ਅਤੇ ਸਰਮਾਏਦਾਰ ਲੋਕ ਮੁਨਾਫ਼ੇ ਬਣਾਉਣ ਲਈ ਚਲਾ ਰਹੇ ਹਨ। ਬਦਲਦੇ ਹਾਲਾਤ ਅਤੇ ਰਿਸ਼ਤਿਆਂ ਦੇ ਤਿੜਕਣ ਵਿਚ ਉਨ੍ਹਾਂ ਨੂੰ ਇਕ ਲਾਹੇਵੰਦ ਮੰਡੀ ਦਿਸਦੀ ਹੈ ਜਿਹਦੀ ਲੋੜ ਨੂੰ ਪੂਰਾ ਕਰਕੇ ਉਹ ਕਾਫ਼ੀ ਮੁਨਾਫਾ ਕਮਾ ਸਕਦੇ ਹਨ।

ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਪਹਿਲਾਂ ਹਿੰਦ ਦੇ ਕਿਸਾਨ ਵਾਹੀ ਆਪਣੇ ਗੁਜ਼ਾਰੇ ਲਈ ਕਰਦੇ ਸਨ ਤੇ ਪੈਦਾਵਾਰ ਬਜ਼ਾਰ ਲਈ ਨਹੀਂ ਸੀ ਕੀਤੀ ਜਾਂਦੀ। ਹਿੰਦੁਸਤਾਨ ਵਿਚ ਆ ਕੇ ਅੰਗ੍ਰੇਜ਼ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਜ਼ਮੀਨ ਦੀ ਸਾਂਝੀ ਮਲਕੀਅਤ ਖ਼ਤਮ ਕਰ ਦਿਤੀ ਅਤੇ ਖੇਤੀ ਬਾੜੀ ਅਤੇ ਸਨਅਤ ਦੀ ਬੁਨਿਆਦੀ ਜੁੜਤ ਖ਼ਤਮ ਕਰ ਦਿਤੀ ਸੀ। ਇਹਦੇ ਨਾਲ ਖੇਤੀਬਾੜੀ ਅਤੇ ਸਨਅਤ ਵਿਚ ਪੈਦਾਵਾਰ ਸਿਰਫ ਕਿਸਾਨ ਅਤੇ ਕਾਰੀਗਰਾਂ ਦੇ ਆਪਣੇ ਗੁਜ਼ਾਰੇ ਲਈ ਹੀ ਨਾ ਰਹਿ ਕੇ ਦੁਨੀਆਂ ਦੀ ਮੰਡੀ ਲਈ ਹੋਣੀ ਸ਼ੁਰੂ ਹੋ ਗਈ। 1947 ਵਿਚ ਦੀ ਮੁਲਕ ਦੀ ਵੰਡ ਦੇ ਬਾਅਦ ਇਹ ਸਿਲਸਿਲਾ ਹੋਰ ਵੀ ਤੇਜ਼ ਹੋ ਗਿਆ। ਪੈਦਾਵਾਰ ਹੁਣ ਪੈਸੇ ਲਈ ਕੀਤੀ ਜਾਂਦੀ ਹੈ ਮੰਡੀ ਲਈ ਕੀਤੀ ਜਾਂਦੀ ਹੈ, ਪੈਦਾਵਾਰ ਕਰਨ ਵਾਲੇ ਦੇ ਗੁਜ਼ਾਰੇ ਲਈ ਨਹੀਂ। ਇਸ ਨਾਲ ਪੈਦਾਵਾਰ ਦੇ ਪੁਰਾਣੇ ਰਿਸ਼ਤੇ ਖ਼ਤਮ ਹੋ ਗਏ ਹਨ। ਹਰ ਚੀਜ਼ ਮੰਡੀ ਵਿਚ ਵਿਕਣ ਲਈ ਪੈਦਾ ਕੀਤੀ ਜਾਂਦੀ ਹੈ ।ਇਸ ਨਾਲ ਟੱਬਰ ਦੀ ਸਾਂਝ ਵੀ ਖ਼ਤਮ ਹੁੰਦੀ ਜਾ ਰਹੀ ਹੈ। ਟੱਬਰ ਦੀ ਸਾਂਝ ਦੀ ਬੁਨਿਆਦ ਸੀ ਸਾਂਝੀ ਜ਼ਮੀਨ ਅਤੇ ਸਾਂਝੇ ਕੰਮਕਾਰ। ਇਸ ਵੱਡੇ ਟੱਬਰ ਤੇ ਸਾਂਝੇ ਪਰਿਵਾਰ ਵਿਚ ਇਕੱਠੇ ਵਾਹੀ ਕਰਦੇ ਸੀ, ਇਕੱਠੇ ਖਾਂਦੇ ਪਕਾਂਉਦੇ ਸੀ ਅਤੇ ਇਕੱਠੇ ਕੱਤਦੇ ਬੁੱਣਦੇ ਸੀ। ਸਾਂਝੇ ਤੇ ਵੱਡੇ ਪਰਿਵਾਰ ਦੀ ਥਾਂ ਤੇ ਹੁਣ ਛੋਟਾ ਤੇ ਇਕੱਲਾ ਪਰਿਵਾਰ ਬਣਦਾ ਜਾ ਰਿਹਾ ਹੈ ਜਿਸ ਵਿਚ ਮੀਆਂ ਬੀਵੀ ਦੋਹਾਂ ਨੂੰ ਸ਼ਹਿਰਾਂ ਵਿਚ ਕੰਮ ਕਰਨਾ ਪੈਂਦਾ ਹੈ । ਸੁਣਿਆ ਜਾਂਦਾ ਹੈ ਕਿ ਕਈ ਸ਼ਹਿਰਾਂ ਵਿਚ ਨੌਜਵਾਨਾਂ ਦੇ ਵਿਆਹ ਦੀ ਇਕ ਇਹ ਸ਼ਰਤ ਹੁੰਦੀ ਹੈ ਕਿ ਉਹ ਆਪਣੇ ਮਾਂ ਬਾਪ ਨੂੰ ਨਾਲ ਨਹੀਂ ਰੱਖਣਗੇ।

ਸਾਂਝੀ ਕਮਾਈ ਅਤੇ ਸਾਂਝੇ ਕੰਮ ਕਾਜ ਦੇ ਖ਼ਤਮ ਹੋਣ ਨਾਲ ਸਾਂਝੇ ਵੱਡੇ ਪਰਿਵਾਰ ਦਾ ਖ਼ਤਮ ਹੋਣਾ ਪੈਦਾਵਾਰ ਦੇ ਇਨ੍ਹਾ ਨਵੇਂ ਰਿਸ਼ਤਿਆਂ ਦਾ ਨਤੀਜਾ ਹੈ। ਜਦੋਂ ਕੰਮ ਅਤੇ ਕਮਾਈ ਦੀ ਸਾਂਝ ਮੁੱਕ ਗਈ ਤਾਂ ਹੋਰ ਸਾਂਝ ਰੱਖਣੀ ਬਹੁਤ ਹੀ ਮੁਸ਼ਕਲ ਹੈ। ਪਹਿਲਾਂ ਹਰੇਕ ਜਣਾਂ ਆਪਣੇ ਰੁਜ਼ਗਾਰ ਲਈ ਪਰਿਵਾਰ ਉਤੇ ਹੀ ਨਿਰਭਰ ਕਰਦਾ ਸੀ। ਪੈਦਾਵਾਰ ਦੀ ਵਿਧੀ ਸਮਾਜਿਕ ਹੋ ਜਾਣ ਨਾਲ ਹੁਣ ਉਹ ਗੱਲ ਖ਼ਤਮ ਹੋ ਗਈ ਹੈ। ਹੁਣ ਸਾਰਿਆਂ ਨੂੰ ਆਪਣੇ ਰੁਜ਼ਗਾਰ ਲਈ ਸਮਾਜ ਤੇ ਨਿਰਭਰ ਕਰਨਾ ਪੈਂਦਾ ਹੈ। ਸਮਾਜ ਉਸ ਨੂੰ ਰੁਜ਼ਗਾਰ ਦਾ ਕੋਈ ਸਾਧਨ, ਨੌਕਰੀ ਵਗੈਰਾ ਦੇ ਕੇ ਉਸਦਾ ਗੁਜ਼ਾਰਾ ਚਲਾਉਂਦਾ ਹੈ। ਪਰਿਵਾਰ ਲਈ ਉਹਨੂੰ ਰੁਜ਼ਗਾਰ ਦੇਣਾ ਹੁਣ ਮੁਮਕਿਨ ਨਹੀਂ ਹੈ। ਨੌਕਰੀਆਂ ਅਤੇ ਕੰਮਕਾਜਾਂ ਦੇ ਮਾਮਲੇ ਵਿਚ ਆਮ ਤੌਰ ਤੇ ਲੋਕਾਂ ਨੂੰ ਬਹੁਤ ਤੰਗੀ ਦਾ ਸਾਮ੍ਹਣਾਂ ਵੀ ਕਰਨਾ ਪੈਂਦਾ ਹੈ। ਜ਼ਿਆਦਾਤਾਰ ਕਿਸਾਨ, ਮਜ਼ਦੂਰ ਅਤੇ ਕਰਮਚਾਰੀ ਆਪਣੇ ਗੁਜ਼ਾਰੇ ਲਈ ਸਮਾਜ ਤੇ ਨਿਰਭਰ ਕਰਦੇ ਹਨ। ਉਜਰਤਾਂ ਘੱਟ ਤੇ ਮਹਿੰਗਾਈ ਬਹੁਤੀ ਹੋਣ ਕਰਕੇ ਉਨ੍ਹਾਂ ਨੂੰ ਬਹਤ ਹੀ ਮੁਸ਼ਕਲਾਂ ਨਾਲ ਨਜਿੱਠਣਾ ਪੈਂਦਾ ਹੈ ਪਰ ਫਿਰ ਵੀ ਉਹ ਪਰਿਵਾਰ ਨੂੰ ਇਕੱਠਾ ਰਖਣ ਦੀ ਕੋਸ਼ਿਸ਼ ਕਰਦੇ ਹਨ।

ਹੁਣ ਰੁਜ਼ਗਾਰ, ਵਿਦਿਆ, ਸਿਹਤ ਸੰਭਾਲ  ਅਤੇ ਹੋਰ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਲੋਕ ਆਪਣੇ ਪਰਿਵਾਰ ਤੇ ਨਹੀਂ ਸਮਾਜ ਤੇ ਨਿਰਭਰ ਕਰਦੇ ਹਨ ਅਤੇ ਇਹ ਸਮਾਜ ਦੀ ਹੀ ਜ਼ਿੰਮੇਵਾਰੀ ਹੈ ਕਿ ਉਹ ਸੱਭ ਜਣਿਆਂ ਨੂੰ ਰੁਜ਼ਗਾਰ ਮੁਹੱਈਆ ਕਰੇ ਕਿਉਂਕਿ ਪੈਦਾਵਾਰ ਦੇ ਰਿਸ਼ਤੇ ਹੁਣ ਪਰਿਵਾਰਕ ਨਹੀਂ ਸਮਾਜੀ ਹੋ ਚੁੱਕੇ ਹਨ। ਪਰ ਲਿਬਰਲ ਸਿਧਾਂਤ ਅਤੇ ਉਪਰਲੇ ਵਰਗ ਇਹ ਕਹਿੰਦੇ ਹਨ ਕਿ ਸਮਾਜ ਦੀ ਕਿਸੇ ਵੱਲ ਕੋਈ ਜ਼ਿੰਮੇਦਾਰੀ ਨਹੀਂ ਹੈ। ਉਹ ਕਹਿੰਦੇ ਹਨ ਕਿ ਸਮਾਜ ਦੀ ਜ਼ਿੰਮੇਦਾਰੀ ਤਾਂ ਇਹ ਹੀ ਹੈ ਕਿ ਸਮਾਜ ਅਤੇ ਕੁਦਰਤ ਦੇ ਸਾਰੇ ਸਾਧਨ ਵੱਡੇ ਸਰਮਾਏਦਾਰਾਂ ਦੇ ਹੱਥ ਵਿਚ ਦੇ ਦਿਤੇ ਜਾਣ ਤਾਂ ਕਿ ਇਹ ਵਿਸ਼ਵ ਮੰਡੀ ਵਿਚ ਹੋਰਨਾਂ ਵਡੇ ਸਰਮਾਏਦਾਰਾਂ ਦਾ ਮੁਕਾਬਲਾ ਕਰ ਸਕਣ ਅਤੇ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਕਰ ਸਕਣ। ਦਲੀਲ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਦੇ ਮੁਨਾਫ਼ੇ ਵੱਧਣ ਨਾਲ ਹੌਲੀ ਹੌਲੀ ਆਪ ਹੀ ਲੋਕਾਂ ਦੇ ਰੁਜ਼ਗਾਰ ਅਤੇ ਖ਼ੁਸ਼ਹਾਲੀ ਦਾ ਇੰਤਜ਼ਾਮ ਹੋ ਜਾਵੇਗਾ, ਸਮਾਜ ਅਤੇ ਰਾਜਤੰਤ੍ਰ ਨੂੰ ਲੋਕਾਂ ਦੇ ਰੁਜ਼ਗਾਰ ਦੀ ਕੋਈ ਫਿਕਰ ਕਰਨ ਦੀ ਲੋੜ ਨਹੀਂ। ਪਰ ਲੋਕਾਂ ਦੇ ਰੁਜ਼ਗਾਰ ਤੇ ਖ਼ੁਸ਼ਹਾਲੀ ਦਾ ਬੰਦੋਬਸਤ ਇਸ ਤਰੀਕੇ ਨਾਲ ਨਾ ਤਾਂ ਕਿਤੇ ਹੋਇਆ ਹੈ ਅਤੇ ਨਾ ਹੋ ਹੀ ਸਕਦਾ ਹੈ।

ਮਸਲਾ ਇਹ ਹੈ ਕਿ ਮੌਜੂਦਾ ਢਾਂਚੇ ਵਿਚ ਪਰਿਵਾਰ ਆਪਣੇ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਕਾਬਲ ਨਹੀਂ ਰਿਹਾ ਤੇ ਸਮਾਜ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ। ਇਸ ਨਾਲ ਰਿਸ਼ਤਿਆਂ ਵਿਚ ਬਹੁਤ ਆਪੋ ਧਾਪੀ ਪੈ ਗਈ ਹੈ। ਜੇ ਸਮਾਜ ਹੀ ਕਿਸੇ ਲਈ ਕੁਝ ਕਰਨ ਨੂੰ ਤਿਆਰ ਨਹੀਂ ਤਾਂ ਕਿਸੇ ਨੂੰ ਵੀ ਸਮਾਜ ਲਈ ਕੀ ਕਰਨ ਦੀ ਲੋੜ ਹੈ? ਇਹੋ ਜਿਹੇ ਵਿਚਾਰ ਅਤੇ ਖ਼ਿਆਲ ਤਾਲੀਮੀ ਅਦਾਰਿਆਂ ਅਤੇ ਮੀਡੀਏ ਦੇ ਹੋਰ ਸਾਧਨਾਂ ਰਾਹੀਂ ਦਿਨ ਰਾਤ ਲੋਕਾਂ ਵਿਚ ਫੈਲਾਏ ਜਾ ਰਹੇ ਹਨ। ਇਥੋਂ ਤੱਕ ਵੀ ਕਿਹਾ ਜਾਂਦਾ ਹੈ ਕਿ ਸਮਾਜ ਨਾਂ ਦੀ ਤਾਂ ਕੋਈ ਚੀਜ਼ ਹੀ ਨਹੀਂ ਹੈ। ਸਿਰਫ਼ ਵਿਅਕਤੀ ਅਤੇ ਪਰਿਵਾਰ ਹੀ ਹੁੰਦੇ ਹਨ। ਪਰਿਵਾਰ ਆਪਣੇ ਮੈਂਬਰਾਂ ਦੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਇਸ ਲਈ ਹਰੇਕ ਜਣੇ ਨੂੰ ਆਪਣਾ ਹੀ ਫ਼ਿਕਰ ਕਰਨਾ ਚਾਹੀਦਾ ਹੈ ਅਤੇ ਕਿਸੇ ਹੋਰ ਬਾਰੇ ਸੋਚਣ ਦੀ ਕੋਈ ਲੋੜ ਨਹੀਂ ਹੈ। ਸਮਾਜ ਕੋਈ ਚੀਜ਼ ਨਹੀਂ ਹੈ ਅਤੇ ਨਾ ਹੀ ਇਸ ਦੀ ਕੋਈ ਜ਼ਿੰਮੇਵਾਰੀ ਹੈ ਇਸ ਲਈ ਹਰੇਕ ਨੂੰ ਆਪੋ ਆਪਣੀ ਹੀ ਪਰਵਾਹ ਕਰਨੀ ਚਾਹੀਦੀ ਹੈ। ਜਦ ਹਰੇਕ ਨੂੰ ਆਪੋ ਆਪਣਾ ਹੀ ਫ਼ਿਕਰ ਹੋਵੇ ਫੇਰ ਆਪੋ ਧਾਪੀ ਤਾਂ ਪੈਣੀ ਹੀ ਹੋਈ।

ਪਰ ਦੂਜੇ ਪਾਸੇ ਮਜ਼ਦੂਰ, ਕਰਮਚਾਰੀ, ਅਤੇ ਹੋਰ ਮੁਲਾਜ਼ਮਪੇਸ਼ਾ ਲੋਕ ਜੋ ਆਪਣੇ ਰੁਜ਼ਗਾਰ ਲਈ ਸਮਾਜ ਉਤੇ ਨਿਰਭਰ ਕਰਦੇ ਹਨ ਉਨ੍ਹਾਂ ਦਾ ਆਪਣਾ ਤਜਰਬਾ ਉਨ੍ਹਾਂ ਨੂੰ ਸਿਖਾਂਉਦਾ ਹੈ ਕਿ ਇਕ ਦੂਜੇ ਨਾਲ ਇਕਮੁਠ ਹੋਣ ਵਿਚ ਹੀ ਉਨ੍ਹਾਂ ਦਾ ਬਚਾਉ ਹੈ ਅਤੇ ਫਾਇਦਾ ਹੈ। ਇਕੱਲਾ ਕੋਈ ਵੀ ਆਪਣੇ ਲਈ ਕੋਈ ਹੱਕ ਨਹੀਂ ਜਿੱਤ ਸਕਦਾ। ਜਿਨ੍ਹਾਂ ਚਿਰ ਉਹ ਸਭ ਦੇ ਨਾਲ ਇਕੱਠੇ ਹੋਕੇ ਸਭਨਾਂ ਦੇ ਹੱਕਾਂ ਲਈ ਘੋਲ ਨਹੀਂ ਕਰਦੇ ਕਿਸੇ ਦੇ ਵੀ ਹੱਕ ਮਿਲ ਨਹੀਂ ਸਕਦੇ। ਉਹ ਆਪਣੇ ਤਜਰਬੇ ਤੋਂ ਹੀ ਇਹ ਤੱਤ ਕੱਢਦੇ ਹਨ ਕਿ ਉਨ੍ਹਾਂ ਦੀ ਜੁੜੱਤ ਅਤੇ ਏਕਤਾ ਹੀ ਉਨ੍ਹਾਂ ਦੀ ਸ਼ਕਤੀ ਹੈ। ਇਸ ਜੁੱੜਤ ਅਤੇ ਏਕਤਾ ਬਗੈਰ ਉਹ ਬਿਲਕੁਲ ਕਮਜ਼ੋਰ ਹਨ ਅਤੇ ਕੋਈ ਇਕੱਲਾ ਜਣਾ ਖੜਾ ਨਹੀਂ ਰਹਿ ਸਕਦਾ। ਉਨ੍ਹਾਂ ਦਾ ਤਜਰਬਾ ਦਸਦਾ ਹੈ ਕਿ ਜਿੰਨੀਂ ਉਨ੍ਹਾਂ ਦੀ ਏਕਤਾ ਮਜ਼ਬੂਤ ਹੁੰਦੀ ਹੈ ਉਨੀ ਹੀ ਉਨ੍ਹਾਂ ਦੀ ਤਾਕਤ ਵੱਧਦੀ ਹੈ। ਇਸ ਲਈ ਅੱਜ ਦੁਨੀਆਂ ਭਰ ਵਿਚ ਇਹ ਨਾਅਰੇ ਉੱਠ ਰਹੇ ਹਨਃ

***ਇਕ ਮਨੁੱਖਤਾ ਇਕ ਸੰਘਰਸ਼!***
***ਇਕ ਹੋਰ ਦੁਨੀਆਂ ਮੁਮਕਿਨ ਹੈ!***
***ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਵੱਡੀ ਪੁਲਾਂਘ ਪੁੱਟੋ!***

ਇਨ੍ਹਾਂ ਹਾਲਾਤਾਂ ਨਾਲ ਇਕ ਨਵੀਂ ਕਿਸਮ ਦਾ ਪਰਿਵਾਰ ਹੋਂਦ ਵਿਚ ਆ ਰਿਹਾ ਹੈ ਜਿਹਦੀ ਬੁਨਿਆਦ ਖ਼ੂਨ ਦਾ ਰਿਸ਼ਤਾ ਨਹੀਂ ਬਲਕਿ ਇਨਸਾਨ ਦੀ ਹੋਂਦ ਦਾ ਰਿਸ਼ਤਾ ਹੈ। ਇਨਸਾਨੀਅਤ ਦਾ ਰਿਸ਼ਤਾ ਹੈ। ਇਹ ਸਰਬੱਤ ਦੇ ਭਲੇ ਅਤੇ ਸਾਰੀ ਇਨਸਾਨੀਅਤ ਦੀ ਖ਼ੁਸ਼ਹਾਲੀ ਲਈ ਉਦਮ ਕਰਨ ਦਾ ਪੈਗਾਮ ਦਿੰਦਾ ਹੈ। ਮਨੁੱਖਤਾ ਦਾ ਕਾਫ਼ਲਾ ਸਾਂਝੇ ਪਰਿਵਾਰ ਤੋਂ ਇਨਸਾਨੀ ਪਰਿਵਾਰ ਵੱਲ ਚੱਲ ਰਿਹਾ ਹੈ ਜਿਹਦੀ ਬੁਨਿਆਦ ਪੈਦਾਵਾਰ ਦੇ ਸਾਰੇ ਸਾਧਨਾਂ ਨੂੰ ਸਮਾਜ ਦੇ ਹੱਥ ਅਤੇ ਵੱਸ ਵਿਚ ਕਰਨਾ ਹੈ, ਪੈਦਾਵਾਰ ਦੀ ਵਿਧੀ ਤਾਂ ਪਹਿਲਾਂ ਹੀ ਸਮਾਜੀ ਹੈ। ਜ਼ਾਹਰ ਅਤੇ ਬਾਤਨ ਹਾਲਾਤ ਇਸ ਲਈ ਤਿਆਰ ਹਨ। ਪੰਜਾਬੀ ਦਰਸ਼ਨ ਦੀ ਸੂਝ ਇਸ ਕਾਫ਼ਲੇ ਦਾ ਰਾਹ ਰੌਸ਼ਨ ਕਰਨ ਵਿਚ ਮਦਦ ਕਰ ਸਕਦੀ ਹੈ ਜੋ **ਮਾਨਸ ਕੀ ਜਾਤ ਸੱਭੇ ਇਕ ਹੀ ਪਹਿਚਾਣਵੋ** ਦਾ ਦੱਮ ਭਰਦੀ ਹੋਈ **ਸਰਬੱਤ ਦੇ ਭਲੇ ਦਾ** ਹੋਕਾ ਦਿੰਦੀ ਹੈ। ਇਸ ਕਾਫ਼ਲੇ ਦੇ ਪੰਜਾਬੀ ਦਸਤੇ ਨੂੰ ਇਸ ਸੂਝ ਨੂੰ ਅੱਜ ਦੇ ਹਾਲਾਤ ਮੁਤਾਬਿਕ ਹੋਰ ਪ੍ਰਫੁੱਲਤ ਕਰਨ ਦੀ ਲੋੜ ਹੈ ਅਤੇ ਬਦਲਦੇ ਰਿਸ਼ਤਿਆਂ ਦੇ ਇਸ ਦੌਰ ਵਿਚ ਮਸਲੇ ਹਲ ਕਰਨ ਲਈ ਇਸ ਦਰਸ਼ਨ ਤੋਂ ਸੇਧ ਲੈ ਕੇ ਤੁਰਨ ਦੀ ਲੋੜ ਹੈ।